Weekly

# CANADA SIKH TIMES

2 - 8 November 2024

ਕੈਨੇਡਾ ਸਿੱਖ ਟਾਈਮਜ਼

Volume 2 Issue 44



## Major money coming to Canada's small businesses this winter



December could be financially fortunate for hundreds of thousands of Canadian businesses, as they are set to receive a cut of a major $2.5 billion carbon tax rebate from the federal government. According to the Department of Finance, the government is delivering on its commitment to return proceeds from the carbon tax to eligible small and medium businesses by the end of the year through its Canada Carbon Rebate for Small Businesses. Eligibility for the federal rebate depends on a few factors. Only Canadian-controlled private corporations qualify; sole proprietorships and partnerships are not eligible. Plus, larger companies with over 500 employees won't get the money. But it doesn't matter if your small business employs people full-time, part-time, or seasonally.

## ਭਦੌੜ ਦੇ ਖੇਤੀ ਵਿਗਿਆਨੀ ਡਾ. ਤੇਜਿੰਦਰ ਸਿੰਘ ਗਰੇਵਾਲ ਕੈਨੇਡਾ 'ਚ ਬਣੇ ਵਿਧਾਇਕ



ਪੰਜਾਬ ਦੇ ਬਰਨਾਲਾ ਜ਼ਿਲ੍ਹੇ ਦੇ ਕਸਬਾ ਭਦੌੜ ਦੇ ਜੰਮਪਲ ਤੇ ਤਰਕਸ਼ੀਲ ਆਗੂ ਮਾਸਟਰ ਰਜਿੰਦਰ ਸਿੰਘ ਭਦੌੜ ਦੇ ਛੋਟੇ ਭਰਾ ਡਾ. ਤੇਜਿੰਦਰ ਸਿੰਘ ਗਰੇਵਾਲ ਕੈਨੇਡਾ ਦੇ ਸੂਬੇ ਸਸਕੈਚੇਵਨ 'ਚ ਵਿਧਾਇਕ ਚੁਣੇ ਗਏ ਹਨ। ਉਨ੍ਹਾਂ ਸਸਕਾਟੂਨ ਯੂਨੀਵਰਸਿਟੀ-ਸਦਰਲੈਂਡ ਸੀਟ ਤੋਂ ਐਨਡੀਪੀ ਉਮੀਦਵਾਰ ਵਜੋਂ ਜਿੱਤ ਹਾਸਲ ਕੀਤੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਪੀ-ਐਚ.ਡੀ. ਕਰ ਕੇ ਤੇਜਿੰਦਰ ਸਿੰਘ ਗਰੇਵਾਲ ਤੇ ਉਨ੍ਹਾਂ ਦੀ ਪਤਨੀ ਡਾ. ਰਵਿੰਦਰ ਕੌਰ ਗਰੇਵਾਲ ਨੇ ਕੁੱਝ ਸਮਾਂ ਯੂਨੀਵਰਸਿਟੀ ਵਿਚ ਪੜ੍ਹਾਇਆ ਤੇ ਸਾਲ 1999 'ਚ ਕੈਨੇਡਾ ਚਲੇ ਗਏ ਸਨ। ਗਰੇਵਾਲ ਹੁਣ ਕੈਨੇਡਾ ਦੀ ਇਕ ਯੂਨੀਵਰਸਿਟੀ ਵਿਚ ਖੇਤੀ ਵਿਗਿਆਨੀ ਵਜੋਂ ਕਾਰਜ਼ਸ਼ੀਲ ਹਨ। ਉਹ ਸਰਕਾਰੀ ਸਕੂਲਾਂ ਵਿਚ ਪੜ੍ਹ ਕੇ ਵਿਗਿਆਨੀ ਬਣਨ ਵਾਲੇ ਵਿਅਕਤੀਆਂ ਵਿਚ ਸ਼ਾਮਲ ਹਨ ਤੇ ਉਹ ਅਕਸਰ ਪੰਜਾਬ ਆਉਂਦੇ ਰਹਿੰਦੇ ਹਨ। ਡਾ. ਗਰੇਵਾਲ ਦੀ ਕੈਨੇਡਾ ਵਿਚ ਪਛਾਣ ਇਕ ਪ੍ਰਸਿਧ ਖੇਤੀ ਵਿਗਿਆਨੀ ਤੇ ਸਮਰਪਿਤ ਸਮਾਜਕ ਆਗੂ ਵਜੋਂ ਹੈ। ਉਨ੍ਹਾਂ ਸਸਕੈਚਵਾਨ ਦੇ ਵਿਗਿਆਨਕ ਤੇ ਸਭਿਆਚਾਰਕ ਕਲਾਵਾਂ 'ਤੇ ਬਹੁਤ ਸਾਰਾ ਕੰਮ ਕੀਤਾ ਹੈ।

## New Work Permit restrictions about to begin for International Students in Canada

International students looking to apply for work permits will face new restrictions starting next month. Immigration, Refugees, and Citizenship Canada (IRCC) announced that it will implement changes to the eligibility criteria for post-graduation work permits (PGWP) on November 1.




Students require a work permit to work in Canada after graduating; however, as per the changes, students will only be eligible if they graduate from a list of approved programs. IRCC stated, "You must graduate in an eligible field of study."

Those who apply on November 1 or after must meet the language requirements (a minimum language proficiency in French or English) and the new field of study requirement. The list includes 966 approved programs, which can be found here. The programs are divided into five categories: agriculture and agri-food, healthcare, science, technology, engineering, and mathematics (STEM), trade, and transport.

However, students who apply for a work permit before November 1 will be subject to the same rules before the changes, in addition to changes in the language requirements. In September, the IRCC stated it was changing the work permit program to "better align with immigration goals and labour market needs." "We are deeply disappointed that these decisions were made without consideration." Marketa Evans stated.

# DESH VIDESH



## ਧਰਮ ਅਤੇ ਸਦਾਚਾਰ

- ਮਹਿੰਦਰ ਸਿੰਘ (ਰਾਚੀ, ਝਾਰਖੰਡ)

ਧਰਮ ਅਤੇ ਸਦਾਚਾਰ ਦਾ ਸੰਬੰਧ ਜੁਗਾਂ ਜੁਗਾਂ ਤੋਂ ਹੈ। ਹਰ ਧਰਮ ਅਨੁਸਾਰ ਸਦਾਚਾਰ ਜੀਵਨ ਦਾ ਇੱਕ ਬਹੁਤ ਹੀ ਜਰੂਰੀ ਅੰਗ ਹੈ। ਜੀਵਨ ਨੂੰ ਸਭ ਤੋਂ ਚੰਗੇ ਢੰਗ ਨਾਲ ਜਿਉਣ ਅਤੇ ਸੱਚ ਦੀ ਪਛਾਣ ਦਾ ਨਾਮ ਹੀ ਧਰਮ ਹੈ। ਧਰਮ ਦਾ ਮਨੋਰਥ ਕੁਝ ਪ੍ਰਾਪਤ ਕਰਨ ਨਾਲੋਂ ਅਧਕ ਕੁਝ ਬਣਨਾ ਹੈ, ਕੁਝ ਹੋਣਾ ਹੈ, ਧਰਮ ਜੀਵਨ-ਜਾਚ ਸਿਖਾਂਦਾ ਹੈ। ਸੱਚਾ-ਸੁੱਚਾ ਜੀਵਨ ਤਾਹੀ ਹੈ ਜੇ ਆਚਰਨ ਉੱਚਾ ਹੈ। ਸਦਾਚਾਰ ਚੰਗੇ ਜੀਵਨ ਦੀ ਨੀਹ ਹੈ, ਵਾਹਿਗੁਰੂ ਨਾਲ ਲਿਵ ਤੇ ਪ੍ਰੇਮ ਭਗਤੀ ਹੈ, ਸਿਮਰਨ ਹੈ। ਮਨੁੱਖਾ ਨਾਲ ਚੰਗੇ ਵਰਤਾਓ ਦਾ ਨਾਂ ਸਦਾਚਾਰ ਹੈ, ਇਖਲਾਕ ਹੈ, ਧਰਮ ਸਾਡੇ ਸਮਾਜਕ ਨਿਯਮਾਂ ਦਾ ਜਨਮਦਾਤਾ ਹੈ, ਸਦਾਚਾਰ ਇਸਦਾ ਇਕ ਜਰੂਰੀ ਤੇ ਅਨਖਿੜਵਾ ਅੰਗ ਹੈ। ਜੋ ਮਨੁੱਖ ਧਰਮ ਤੇ ਨਿਸ਼ਚਾ ਰੱਖਦਾ ਹੈ ਤੇ ਧਰਮ ਦਾ ਧਾਰਨੀ ਹੈ, ਤੇ ਧਰਮ ਅਨੁਸਾਰ ਪਵਿੱਤਰ ਤੇ ਅਮਲੀ ਜੀਵਨ ਬਤੀਤ ਕਰਦਾ ਹੈ, ਉਹ ਸਤੋ ਸਿਧ ਸਦਾਚਾਰੀ ਹੋ ਜਾਂਦਾ ਹੈ। ਇਕ ਸਦਾਚਾਰੀ ਹੀ ਧਰਮੀ ਹੋ ਸਕਦਾ ਹੈ, ਵਿਯਾਭਿਚਾਰੀ ਧਰਮੀ ਨਹੀਂ ਹੋ ਸਕਦਾ। ਨਿਰਮਲ ਬੁੱਧ ਅਧਿਨ ਕੀਤੇ ਕਰਮ ਹੀ ਸਦਾਚਾਰ ਹਨ।

ਸਰਦਾਰ ਦੇ ਲਛਣ ਜਾ ਤਾਰੀਫ ਕੁਝ ਵੀ ਕਰੋ ਇਸ ਦੀ ਨੀਹ ਧਰਮ ਤੇ ਹੀ ਹੈ। ਇਸੇ ਤਰ੍ਹਾਂ ਧਰਮ ਦੀ ਤਾਰੀਫ ਕਿਸੇ ਤਰ੍ਹਾਂ ਵੀ ਕਰੋ ਸਦਾਚਾਰ ਇਸਦਾ ਜਰੂਰੀ ਅੰਗ ਹੈ। ਜੋ ਇਹ ਕਹਿੰਦੇ ਹਨ ਕਿ ਧਰਮ ਦਾ ਸਦਾਚਾਰ ਨਾਲ ਕੋਈ ਸੰਬੰਧ ਨਹੀਂ ਹੁੰਦਾ, ਉਹ ਆਮ ਤੌਰ ਤੇ ਨਾਸਤਿਕ ਹੀ ਹੁੰਦੇ ਹਨ।

ਮੈਨੂੰ ਕੀ ਕਰਨਾ ਚਾਹੀਦਾ ਹੈ, ਤੇ ਕੀ ਨਹੀਂ ਕਰਨਾ ਚਾਹੀਦਾ ਹੈ, ਇਹ ਵਿਚਾਰ ਆਚਰਨ ਦੀ ਜੜ ਹੈ। ਇਸ ਜੀ ਸੂਝ ਮਨੁੱਖ ਨੂੰ ਧਰਮ ਸਿਖਾਂਦਾ ਹੈ। ਇਹ ਠੀਕ ਹੈ ਕਿ ਅਕਲ ਤੇ ਹਰ ਕੋਈ ਵਰਤ ਸਕਦਾ ਹੈ ਪਰ ਅਕਲ ਨੂੰ ਕਿਹੜੀ ਕਸੌਟੀ ਤੇ ਵਰਤਣਾ ਹੈ, ਇਸ ਨੂੰ ਧਰਮ ਹੀ ਦੱਸਦਾ ਹੈ। ਧਰਮ ਹੀ ਚੰਗੇ -ਮੰਦੇ ਤੇ ਨੇਕੀ -ਬਦੀ ਦਾ ਨਿਰਣਾ ਕਰਦਾ ਹੈ। ਇਸ ਨੂੰ ਯੂ ਕਹਿਣਾ ਗਲਤ ਨਹੀਂ ਹੋਵੇਗਾ ਕਿ ਧਰਮ ਦਾ ਅਮਲੀ ਰੂਪ ਸਦਾਚਾਰ ਹੈ।

ਸਮਾਜ ਕੀ ਹੈ,ਪੰਥ ਕੀ ਹੈ, ਕੌਮ ਕੀ ਹੈ ਇਹ ਸਭ ਇਕ ਦੂਜੇ ਰੂਪ ਵਿੱਚ ਮਨੁੱਖਾ ਦੇ ਸਮੂਹ ਹੀ ਹਨ। ਕੋਈ ਕੌਮ ਮਾੜੀ ਜਾ ਚੰਗੀ ਨਹੀਂ ਉਸ ਦਾ ਸਮੁੱਚਾ ਆਚਰਨ ਹੀ ਉਸਨੂੰ ਚੰਗਾ ਜਾਂ ਮੰਦਾ ਬਣਾਦਾ ਹੈ। ਇਹੀ ਗੱਲ ਅਲੱਗ-ਅਲੱਗ ਧਰਮ ਦੇ ਮੰਨਣ ਵਾਲਿਆਂ ਤੇ ਲਾਗੂ ਹੁੰਦੀ ਹੈ ਗੁਰੂ ਨਾਨਕ ਸਾਹਿਬ ਜੀ ਜਦ ਮੱਕੇ ਗਏ ਤਾਂ ਹਾਜੀਆਂ ਨੇ ਪੁੱਛਿਆ ਕਿ ਹਿੰਦੂ ਚੰਗੇ ਜਾਂ ਮੁਸਲਮਾਨ? ਤਾਂ, ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਸ਼ੁਭ ਅਮਲਾ ਵਾਲੇ ਚੰਗੇ ਹਨ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿੱਚ:

**ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ॥**
**ਬਾਬਾ ਆਖੇ ਹਾਜੀਆਂ ਸੁਭਿ ਅਮਲਾ ਬਾਝਹੁ ਦੋਨੋ ਰੋਈ॥**

ਅਮਲੀ ਜੀਵਨ ਤੇ ਚੰਗੇ ਕਰਮ ਕੀਤੇ ਬਿਨਾਂ ਭਗਤੀ ਵੀ ਨਹੀਂ ਹੋ ਸਕਦੀ। ਨਾਮ ਸਿਮਰਨ ਲਈ ਜਰੂਰੀ ਹੈ ਕਿ, ਅਮਲੀ ਜਿੰਦਗੀ ਹੋਵੇ। ਗੁਰਬਾਣੀ ਦਾ ਫੁਰਮਾਨ ਹੈ:

**ਵਿਣ ਗੁਣ ਕੀਤੇ ਭਗਤਿ ਨਾ ਹੋਇ॥** (ਅੰਗ ੪)

ਹਰ ਕੋਈ ਅਮੀਰ ਤੇ ਵਿਦਵਾਨ ਨਹੀਂ ਹੋ ਸਕਦਾ, ਪਰ ਨੇਕ ਤਾਂ ਹਰ ਕੋਈ ਬਣ ਸਕਦਾ ਹੈ। ਇਹ ਤਾਂ ਸਾਡੇ ਆਪਣੇ ਵਸ ਦੀ ਗੱਲ ਹੈ, ਕਿ ਸੱਚ ਬੋਲੀਏ, ਧਰਮ ਅਨੁਸਾਰ ਜੀਵਨ ਬਤੀਤ ਕਰੀਏ।

ਸਦਾਚਾਰੀ ਬਣਨ ਲਈ ਸਭ ਤੋਂ ਪਹਿਲਾਂ ਮਨ ਨੂੰ ਸੁਧਾਰਨਾ ਜਰੂਰੀ ਹੈ, ਮਨ ਨੂੰ ਸਾਧਨਾ ਹੈ, ਮਨ ਹੈ ਸਾਡੇ ਖਿਆਲਾਂ ਦਾ ਬਣਾਇਆ ਹੋਇਆ, ਹਰ ਖਿਆਲ ਅਤੇ ਹਰ ਫੁਰਨਾ ਸਾਡੇ ਮਨ ਦੀ ਉਪਜ ਹੈ।ਮਨ ਹਰ ਵੇਲੇ ਚੰਗੇ ਮੰਦੇ ਖਿਆਲਾਂ ਵਿੱਚ ਰੁਝਿਆ ਰਹਿੰਦਾ ਹੈ।

ਜੇ ਨਾਮ ਵਿੱਚੋਂ ਬੁਰੇ ਖਿਆਲ ਕੱਢ ਦਈਏ, ਤੇ ਚੰਗੇ ਫੁਰਨੇ ਹੀ ਪੈਦਾ ਹੋਣ ਲਗਨ, ਤਾਂ ਸਮਝੋ ਕਿ ਆਚਾਰ ਚੰਗਾ ਹੋ ਗਿਆ, ਅਸੀਂ ਨੇਕ ਹੋ ਗਏ।

ਗੁਰਬਾਣੀ ਅਨੁਸਾਰ: -

**ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥** (ਅੰਗ ੪)

ਆਚਰਨ ਦੀ ਨੀਹ ਘਰਾਂ ਤੋਂ ਰੱਖੀ ਜਾਂਦੀ ਹੈ। ਮਾਂ ਦਾ ਦੁੱਧ ਚੁਗਣ ਸਮੇਂ ਤੋਂ ਹੀ ਬੱਚੇ ਦੇ ਆਚਰਨ ਦੀ ਉਸਾਰੀ ਹੋਣ ਲੱਗਦੀ ਹੈ। ਚੰਗੇ ਆਚਰਣ ਲਈ ਸ਼ੁਰੂ ਤੋਂ ਹੀ ਧੀਰਜ ਅਤੇ ਜੀਵਨ ਲਈ ਚੰਗੇ ਕਰਮ ਜਰੂਰੀ ਹਨ। ਪਰ, ਧਰਮ ਦੇ ਕਰਮ ਹੀ ਸੱਚੇ ਕਰਮ ਹਨ। ਸੱਚੇ ਉਹੀ ਕਰਮ ਹਨ, ਜੋ ਆਚਰਨ ਦੀ ਉਸਾਰੀ ਕਰਨ। ਸਾਈ ਤੋ ਟੁੱਟੇ ਰਹਿ ਕੇ ਕਰਮ ਕਰਨੇ ਵੀ ਕਿਰਿਆ-ਮਾਤਰ ਹੀ ਹਨ। ਸਫਲਤਾ ਤੇ ਤਾਹੀ ਹੈ ਜੇ:

**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥** (ਅੰਗ ੧੩੭੫)

ਸੁਰਤ ਵਿੱਚ ਨਾਮ ਵਸਦਾ ਰਹੇ ਤੇ ਸਰੀਰ ਧਰਮ ਦੇ ਕੰਮਾਂ ਵਿੱਚ ਜੁੜਿਆ ਰਹੇ। ਇਹੋ ਜਿਹੀ ਅਵਸਥਾ ਨਾਮ ਤੇ ਆਚਰਨ ਦਾ ਸ਼ਿਖਰ ਹੈ।ਧਰਮ ਅਤੇ ਸਦਾਚਾਰ ਦੇ ਇਸ ਸੁਮੇਲ ਨਾਲ ਜੋ ਸਜੀਵੀ ਖੇੜਾ ਤੇ ਆਨੰਦ ਮਿਲਦਾ ਹੈ ਉਸ ਦੇ ਸਾਹਮਣੇ ਸਾਰੀ ਦੁਨੀਆ ਦਾ ਰਾਜ ਹੇਚ ਹੈ, ਤੇ ਸੁਰਗ ਦੀ ਪ੍ਰਾਪਤੀ ਵੀ ਤੁਛ ਹੈ।

## ਕੈਨੇਡਾ ਵੱਲੋਂ ਨਿਯਮਾਂ ਵਿੱਚ ਬਦਲਾਅ ਨਾਲ ਸਟੂਡੈਂਟ, ਆਈਲੈਟਸ ਸੈਂਟਰ ਤੇ ਟੈਕਸੀ ਕਾਰੋਬਾਰ ਪ੍ਰਭਾਵਤ

ਕੈਨੇਡਾ ਵੱਲੋਂ ਸਟਡੀ ਵੀਜ਼ੇ ਉੱਤੇ ਆਉਣ ਵਾਲੇ ਸਟੂਡੈਂਟ ਨੂੰ ਲੈ ਕੇ ਨਿਯਮਾਂ ਵਿੱਚ ਤਬਦੀਲੀ ਦਾ ਅਸਰ ਪੰਜਾਬ ਦੇ ਆਈਲੈਟਸ ਸੈਂਟਰਾਂ ਉੱਤੇ ਸਿੱਧੇ ਰੂਪ ਵਿੱਚ ਵਿਖਾਈ ਦੇਣ ਲੱਗਾ ਹੈ। ਸਮੁੱਚੇ ਪੰਜਾਬ ਵਿੱਚ 6000 ਤੋਂ ਵਧੇਰੇ ਆਈਲੈਟਸ ਸੈਂਟਰ ਖੁੱਲ੍ਹੇ ਹੋਏ ਸਨ। ਜ਼ਿਕਰੇਖਾਸ ਹੈ ਕਿ ਪਿਛਲੇ ਸਾਲਾਂ ਵਿੱਚ ਉੱਥੋਂ ਦੀ ਟਰੂਡੋ ਸਰਕਾਰ ਨੇ ਖੁੱਲ੍ਹ ਕੇ ਅੰਤਰਰਾਸ਼ਟਰੀ ਸਟੂਡੈਂਟ ਨੂੰ ਵੀਜ਼ਾ ਤੇ ਪੀਅਰ ਦਿੱਤੀ। ਜਿਸ ਨਾਲ ਕੈਨੇਡਾ ਦੇ ਪੱਕੇ ਵਸਨੀਕਾਂ ਵਿੱਚ ਰੋਸ ਪੈਦਾ ਹੋਣ ਲੱਗਾ ਕਿਉਂਕਿ ਅੰਤਰਰਾਸ਼ਟਰੀ ਸਟੂਡੈਂਟ ਆਉਣ ਦੇ ਨਤੀਜੇ ਵਜੋਂ ਰਹਿਣ ਅਤੇ ਕੰਮਕਾਰ ਵਿੱਚ ਮੁਸ਼ਕਿਲ ਆਉਣ ਲੱਗੀ। ਬਾਹਰਲੇ ਦੇਸ਼ਾਂ ਤੋਂ ਆਏ ਲੋਕ ਘੱਟ ਪੈਸਿਆਂ ਵਿੱਚ ਕੰਮ ਕਰਨ ਵਾਸਤੇ ਰਾਜ਼ੀ ਹੋ ਜਾਂਦੇ, ਜਿਸ ਨਾਲ ਉੱਥੋਂ ਦੇ ਪੱਕੇ ਵਸਨੀਕਾਂ ਨੂੰ ਵੱਡੀ ਸਮੱਸਿਆ ਆਉਣ ਲੱਗੀ। ਇਸਦੇ ਸਿੱਟੇ ਵਜੋਂ ਉੱਥੋਂ ਦੀ ਟਰੂਡੋ ਸਰਕਾਰ ਨੂੰ ਆਪਣੇ ਸਿਆਸੀ ਵਿਰੋਧੀਆਂ ਦੇ ਦਬਾਅ ਥੱਲੇ ਅੰਤਰਰਾਸ਼ਟਰੀ ਨਿਯਮਾਂ ਵਿੱਚ ਬਦਲਾਅ ਕਰਨ ਲਈ ਮਜਬੂਰ ਹੋਣਾ ਪਿਆ ਕਿਉਂਕਿ 2025 ਵਿੱਚ ਕੈਨੇਡਾ ਵਿੱਚ ਚੋਣਾਂ ਆ ਰਹੀਆਂ ਹਨ, ਜਿਸ ਨੂੰ ਲੈ ਕਿ ਜਿੱਥੇ ਵਿਰੋਧੀ ਪਾਰਟੀਆਂ ਪ੍ਰਧਾਨ ਮੰਤਰੀ ਟਰੂਡੋ ਉੱਤੇ ਹਮਲਾਵਰ ਦਿਸ ਰਹੀਆਂ ਹਨ, ਉੱਥੇ ਟਰੂਡੋ ਇੱਕ ਵਾਰ ਮੁੜ ਪ੍ਰਧਾਨ ਮੰਤਰੀ ਬਣਨ ਦੀ ਇੱਛਾ ਰੱਖ ਰਹੇ ਹਨ। ਸਭ ਤੋਂ ਮੁੱਖ ਤਬਦੀਲੀ ਇਹ ਕੀਤੀ ਗਈ ਹੈ ਕੀ ਹੁਣ ਕਿਸੇ ਵੀ ਉਸ ਵਿਦਿਆਰਥੀ ਨੂੰ ਪੀਆਰ ਨਹੀਂ ਮਿਲੇਗੀ ਜੋ ਬਾਰ੍ਹਵੀਂ ਕਰਕੇ ਸਟਡੀ ਵੀਜ਼ੇ 'ਤੇ ਕੈਨੇਡਾ ਪਹੁੰਚਦਾ ਹੈ। ਬਾਕੀ ਅਗਲੀ ਵਾਰੀ

HERITAGE

## Anmol Singh Jaggi Bought 26,500 Shares & Rs 3,400 Crore Order Book



Today, shares of Gensol Engineering Ltd surged 6.51 per cent to Rs 794.15 per share from its intraday low of Rs 745.60 per share. The stock's 52-week high is Rs 1,377.10 per share while the stock is up by 35.3 per cent from its 52-week low of Rs 720 per share. The company previously informed that Mr. Anmol Singh Jaggi (Promoter and Managing Director) holds 80,30,711 equity shares of the company which amounts to 21.13 per cent of the total shareholding of the company. Mr Jaggi, has acquired 26,500 additional shares through open market operations. Consequently, Mr Jaggi's shareholding in the company has slightly increased. This strategic move reflects his confidence in the company's growth prospects and his ongoing commitment to its success. His continued investment serves as a testament to the company's promising future and his dedication to its success.

**Disclaimer:** The article is for informational purposes only and not investment advice.

## New Procedures Covered under Federal Dental Plan



Starting on Friday, the federal dental plan will cover more complex procedures than it used to. Now included are pre-authorized services such as partial dentures, crowns, procedures that require anesthesia, and other complex dental health conditions. Federal officials were at the Vancouver Community College's (VCC) Dental School Friday to share some of the details. "Each [patient] will be handled on a case-by-case basis and, as with the entire program, it is based entirely on medical need," said Citizens' Services Minister Terry Beech.






## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੁਰੂ ਨਾਨਕ ਸਾਹਿਬ ਦੁਆਰਾ ਸਥਾਪਤ ਕੀਤਾ ਪਹਿਲਾ ਮਿਸ਼ਨਰੀ ਕੇਂਦਰ (ਮੰਜੀ) ਕਿੱਥੇ ਸੀ?**

a. ਭਾਈ ਮਨਸੁੱਖ ਦੇ ਘਰ
b. ਬੇਬੀ ਨਾਨਕੀ ਦੇ ਘਰ
c. ਭਾਈ ਲਾਲੋ ਦੇ ਘਰ
d. ਭਾਈ ਰਾਇ ਬੁਲਾਰ ਦੇ ਘਰ

**2. ਗੋਰਖਨਾਥ ਕਬੀਲੇ ਦੇ ਜੋਗੀਆਂ ਦੇ ਘਰ ਨੂੰ ਕੀ ਕਿਹਾ ਜਾਂਦਾ ਸੀ?**

a. ਸ਼ਮਸ਼ਾਨ ਘਾਟ
b. ਤੋਸ਼ਾਖਾਨਾ
c. ਗੋਰਖਦੁਆਰ
d. ਗੋਰਖਮਤਾ

**3. ਉਨ੍ਹਾਂ ਪਹਾੜਾਂ ਦਾ ਨਾਮ ਦੱਸੋ ਜਿਥੇ ਸ੍ਰੀ ਗੁਰੂ ਨਾਨਕ ਸਾਹਿਬ ਨੇ ਪ੍ਰਸਿੱਧ 'ਸਿੱਧਾਂ' ਨਾਲ ਮੁਲਾਕਾਤ ਕੀਤੀ ਸੀ?**

a. ਗੋਰਖਪੁਰ
b. ਕੈਲਾਸ਼ ਪਰਬਤ
c. ਲੇਹ ਲੱਦਾਕ
d. ਅਚੱਲ ਪਰਬਤ

**4. ਸ੍ਰੀ ਗੁਰੂ ਨਾਨਕ ਜੀ ਉੜੀਸਾ ਦੇ ਵਿਚੋਂ ਆਪਣੀ ਗਿਆਨ ਫੇਰੀ ਦੇ ਦੌਰਾਨ ਕਿਸਨੂੰ ਮਿਲੇ?**

a. ਕੌਡਾ ਭੀਲ
b. ਭਾਈ ਸੱਜਨ
c. ਪੰਡਿਤ ਬ੍ਰਹਮ ਦੱਤ
d. ਰਾਜਾ ਸ਼ਿਵ ਨਾਭ

(ਦੇਖੋ ਉੱਤਰ ਪੰਨਾ 4 'ਤੇ)

# THE ASSAMESE SIKHS

Santokh Singh Bains

Who is an Assamese Sikh? Manjit Singh, a well-known Assamese Sikh poet and writer, has provided the following definition: "An Assamese Sikh is one whose family has lived in Assam for generations or one who is born in Assam and is a permanent resident here, whose mother tongue is Assamese, who practices the Sikh religion but has wholeheartedly embraced Assamese culture, and considers Assam as his motherland."

## Origin of the Assamese Sikhs

After receiving a distress signal from Ahom king Chandra Kanta Singha, Maharaja Ranjit Singh dispatched a contingent of his 500 brave Sikh soldiers under the command of General Chaitanya Singh to fight for the cause of Assam during the third Burmese invasion of 1820. The Sikh General as well as his soldiers fought valiantly and killed thousands of the Burmese soldiers on the battlefield of Hadirachaki. Ultimately, however, Chaitanya Singh and most of his soldiers attained martyrdom.

Chaitanya Singh's wife also fought courageously and killed many Burmese invaders. But following the loss of her dear husband in the thick of battle, she, along with a few wounded and exhausted Sikh soldiers, decided to leave the battlefield. They finally reached Chaparmukh.

Chaitanya Singh's wife (generally known as Mataji) set up a prayer house at Chaparmukh which, in due course, came to be known as Gurdwara Mataji. This is now the second most important historical gurdwara in Assam. The original items brought by Mataji and the surviving Sikh soldiers (two hand-written Sikh scriptures, two Kirpans and one Atta Chakki) have been preserved meticulously at Gurdwara Mataji. (Dhubri Sahib Gurdwara is the first and most important historical gurdwara in Assam because Guru Tegh Bahadur had brought about reconciliation between the Moghul forces and the Ahom forces at this site a very long time ago).

Maharaja Ranjit Singh's few surviving Sikh soldiers, who had initially settled at Chaparmukh, later on moved to various other villages like Borkala, Lanka, and Hatipara (all in Nagaon district of Assam). They subsequently married Assamese women from various castes like Koch, Tiwa, Kalita and Brahmin (the last two castes are considered as high castes). Their descendants came to be known as the Assamese Sikhs.



Gurdwara Mataji at Chaparmukh in Nagaon district of Assam

It would not be out of place to mention here that several Sikhs from different places of Punjab had arrived at Lanka village from 1906 to 1926. Most of these migrants had come in connection with their service or business. (Continued)


## SIKH MATRIMONIALS

Required Canadian Born Sikh match for Canadian Gursikh girl 29/5'5" in Govt job at Ottawa. Parents in Canada from 34 years, no cast bar, Boy should be Turbaned ND/NT. Contact +1613 330 6319.

Gursikh girl 26/5'/ Philosophy (H) DU, Diploma George Brown College, Toronto/ Working /Family got PR in 2022 settled Vancouver/ Contact+91 9810196404

Gursikh Boy ND/NT29/5'9"/BTech. Thapar Univ. /Masters Univ. Of Windsor, Canada /Working in Canada ,/ 100000 CAD /PR in progress/ Contact +91 8689080882(Mother)+1 519 992 0989(Iknoor Singh)


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. C 2. D 3. B 4. A

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)


email: canadasikhtimes@gmail.com, M: +1 437 673 7555